ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ
ਸਾਹਿਤਕ ਅਤੇ ਖੋਜ ਜਰਨਲ

ਜਨਵਰੀ-ਅਪ੍ਰੈਲ 2026

ISSN:2584-0509

# ਖੋਜਨਾਮਾ

ਜਿਲਦ-4

ਅੰਕ-1

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ |
| | | ਲ਼ | | |

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਅੰਤਰ-ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ

**ਸਾਹਿਤਕ ਅਤੇ ਖੋਜ ਜਰਨਲ**

**(ISSN: 2584-0509)**

# ***ਖੋਜਨਾਮਾ***

***ਜਿਲਦ-4***

***ਅੰਕ-1*** **(ਜਨਵਰੀ-ਅਪ੍ਰੈਲ 2026)**

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਤਕਨੀਕੀ ਸਹਿਯੋਗ

ਪ੍ਰਦੀਪ ਸਿੰਘ

ਕੁਲਵਿੰਦਰ ਸਿੰਘ

# ਸੰਪਾਦਕੀ ਬੋਰਡ




**ਪ੍ਰੋ. ਨਾਬਿਲਾ ਰਹਿਮਾਨ**

ਸਾਬਕਾ ਵਾਇਸ ਚਾਂਸਲਰ, ਯੂਨੀਵਰਸਿਟੀ
ਆਫ ਝੰਗ ਅਤੇ ਡਾਇਰੈਕਟਰ,
ਇੰਸਟੀਚਿਊਟ ਆਫ ਪੰਜਾਬੀ ਐਂਡ
ਕਲਚਰਲ ਸਟੱਡੀ, ਯੂਨੀਵਰਸਿਟੀ ਆਫ
ਪੰਜਾਬ, ਲਾਹੌਰ, ਪਾਕਿਸਤਾਨ।




**ਰਵਿੰਦਰ ਰਵੀ**

ਪ੍ਰਸਿੱਧ ਪੰਜਾਬੀ ਬਹੁ-ਵਿਧਾਈ ਲੇਖਕ,
ਕੈਨੇਡਾ।



**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ**

ਸਾਬਕਾ ਪ੍ਰੋਫ਼ੈਸਰ ਪੰਜਾਬੀ ਵਿਭਾਗ
ਅਤੇ ਡੀਨ ਭਾਸ਼ਾਵਾਂ,
ਪੰਜਾਬੀ ਯੂਨੀਵਰਸਿਟੀ
ਪਟਿਆਲਾ,ਪੰਜਾਬ, ਭਾਰਤ।



**ਸਾਬਰ ਅਲੀ ਸਾਬਰ**

ਪ੍ਰਸਿੱਧ ਪੰਜਾਬੀ ਸ਼ਾਇਰ
ਪਾਕਿਸਤਾਨ।



**ਪ੍ਰੋ. ਕੁਲਵੀਰ ਗੋਜਰਾ**

ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ।



**ਡਾ. ਸਿੰਕਦਰ ਸਿੰਘ**

ਮੁਖੀ, ਪੰਜਾਬੀ ਵਿਭਾਗ
ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ
ਫਤਿਹਗੜ੍ਹ ਸਹਿਬ, ਪੰਜਾਬ, ਭਾਰਤ।



**ਡਾ. ਸੰਦੀਪ ਸਿੰਘ**

ਮੁਖੀ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸੋਮੀ ਰਾਮ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸਟਾਲਿਨਜੀਤ ਸਿੰਘ ਬਰਾੜ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਮਾਈ ਭਾਗੋ ਡਿਗਰੀ ਕਾਲਜ
ਮਾਨਸਾ, ਪੰਜਾਬ, ਭਾਰਤ

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥

ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥

ਭਗਤ ਪੀਪਾ ਜੀ

© ਸਾਰੇ ਹੱਕ ਸੰਪਾਦਕ 'ਖੋਜਨਾਮਾ' ਕੋਲ ਰਾਖਵੇਂ ਹਨ।

ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।

ਅਦਾਰਾ 'ਖੋਜਨਾਮਾ' ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਕੀਮਤ:- ਤੁਹਾਡਾ ਸਹਿਯੋਗ, ਦੁਆਵਾਂ ਅਤੇ ਸੁਝਾਅ

**www.khojnama.com**
Khojnamapb03@gmail.com
**+91 98776-61770**

ਕਿਸੇ ਵੀ ਕਿਸਮ ਦਾ ਵਾਦ-ਵਿਵਾਦ ਸਿਰਫ਼ ਮਾਣਯੋਗ ਜ਼ਿਲ੍ਹਾ ਅਦਾਲਤ ਬਠਿੰਡਾ, ਪੰਜਾਬ (ਭਾਰਤ) ਵਿਖੇ ਹੀ ਵਿਚਾਰਣਯੋਗ ਹੋਵੇਗਾ।

## ਤਤਕਰਾ


| ਲੜੀ ਨੰ. | ਸਿਰਲੇਖ | ਲੇਖਕ | ਪੰਨਾ |
|---|---|---|---|
| ❖ | ਸੰਪਾਦਕੀ | ਡਾ. ਜਸਵਿੰਦਰ ਸਿੰਘ ਬਰਾੜ | i-viii |
| | ਖੋਜ-ਪੱਤਰ | | |
| 1. | ਨਵੀਂ ਸਿਖਿਆ ਨੀਤੀ ਬਨਾਮ ਖੇਤਰੀ ਭਾਸ਼ਾਵਾਂ | ਸੰਦੀਪ ਸਿੰਘ (ਡਾ.) | 1-9 |
| 2. | ਲੇਖਕੀ-ਉਦੇਸ਼ ਅਤੇ ਪਾਠਕ-ਮਾਰਗਦਰਸ਼ਨ ਦੇ ਸੰਦਰਭ ਵਿੱਚ ਸਹਾਇਕ-ਪਾਠ 'ਭੂਮਿਕਾ' ਦੀ ਸਾਰਥਕਤਾ | ਡਾ. ਰਾਜਵੰਤ ਕੌਰ ਪੰਜਾਬੀ | 10-21 |
| 3. | ਦੇਸ਼-ਵੰਡ ਅਤੇ ਪੰਜਾਬੀ ਗਾਇਕੀ: ਕੀ ਖੱਟਿਆ ਕੀ ਗਵਾਇਆ ! | ਡਾ. ਸਿਮਰਨਜੀਤ ਸਿੰਘ | 22-67 |
| 4. | ਸੰਤਾਲੀ ਦੀ ਮਹਾਂ-ਤ੍ਰਾਸਦੀ ਦਾ ਬਿਰਤਾਂਤ: ਰੌਲ਼ਿਆਂ ਵੇਲੇ | ਡਾ. ਪਰਮੀਤ ਕੌਰ | 68-81 |
| 5. | ਮਹਿੰਦਰ ਸਿੰਘ ਸਰਨਾ ਦੀ ਪੰਜਾਬੀ ਕਹਾਣੀ ਨੂੰ ਦੇਣ:ਪੁਨਰ ਪੜ੍ਹਤ | ਡਾ. ਹਰਪ੍ਰੀਤ ਕੌਰ | 82-94 |
| 6. | ਬਾਗੜੀ ਸਮਾਜ ਦਾ ਲੋਕ-ਸਭਿਆਚਾਰ: ਸਰਵੇਖਣ ਤੇ ਵਿਸ਼ਲੇਸ਼ਣ | ਰਾਜੇਂਦਰ ਸਿੰਘ<br>ਡਾ. ਹਰਜਿੰਦਰ ਸਿੰਘ | 95-106 |
| 7. | ਲੋਕ ਕਹਾਣੀ ਦੀ ਪੜ੍ਹਤ ਅਤੇ ਪਾਸਾਰ | ਗੁਰਤੇਜ ਸਿੰਘ<br>ਡਾ. ਸਿਮਰਨਜੀਤ ਸਿੰਘ | 107-122 |
| 8. | ਲੋਕ-ਬਿਰਤਾਂਤ: ਸੰਕਲਪ ਤੇ ਸਰੂਪ | ਡਾ. ਅਸ਼ਵਨੀ ਕੁਮਾਰ | 123-133 |
| 9. | ਅਜੋਕੀ ਪੰਜਾਬੀ ਗੀਤ ਵੀਡੀਓ ਦਾ ਵਿਚਾਰਧਾਰਾਈ ਅਧਿਐਨ | ਜਗਸੀਰ ਸਿੰਘ | 134-149 |
| 10. | ਸਭਿਆਚਾਰਕ ਅਧਿਐਨ: ਸਿਧਾਂਤਕ ਤੇ ਇਤਿਹਾਸਕ ਪਰਿਪੇਖ | ਡਾ. ਗੁਰਧਿਆਨ ਸਿੰਘ | 150-166 |
| 11. | ਪਾਠ-ਆਲੋਚਨਾ: ਸਿਧਾਂਤਕ ਪਰਿਪੇਖ | ਡਾ. ਨਵਜੋਤ ਕੌਰ | 167-179 |
| 12. | ਮੈਟਾ ਆਲੋਚਨਾ ਦਾ ਸੰਕਲਪ, ਸਿਧਾਂਤ ਤੇ ਆਧਾਰ | ਸੁਖਵਿੰਦਰ ਕੌਰ | 180-194 |

| | | | |
|---|---|---|---|
| 13. | ਡਾ. ਤਰਲੋਕ ਸਿੰਘ ਕੰਵਰ ਦੀ ਸਾਹਿਤ ਸਿਧਾਂਤਕਾਰੀ ਦੇ ਵਿਚਾਰਧਾਰਾਈ ਆਧਾਰ | ਮਨਪ੍ਰੀਤ ਕੌਰ | 195-209 |
| 14. | ਕਾਰਲ ਮਾਰਕਸ ਦੇ ਸਿਧਾਂਤਕ ਸੰਕਲਪ | ਡਾ. ਮਨਪ੍ਰੀਤ ਕੌਰ | 210-220 |
| 15. | ਸ੍ਵੈ-ਜੀਵਨੀ ਸਾਹਿਤ ਦੀ ਸਿਰਜਣਾ: ਬਿਰਤਾਂਤਕਾਰੀ ਤੇ ਇਤਿਹਾਸਕਾਰੀ ਦਾ ਅੰਤਰ-ਦਵੰਦ | ਸੁਖਚੈਨ ਸਿੰਘ | 221-231 |
| 16. | ਸਾਂਖ ਦਰਸ਼ਨ ਅਤੇ ਉਸਦੇ ਪ੍ਰਮੁਖ ਆਚਾਰੀਆ: ਇੱਕ ਸੰਖਿਪਤ ਅਧਿਐਨ | ਡਾ. ਲਖਵਿੰਦਰ ਸਿੰਘ | 232-241 |
| 17. | ਨਾਟਕ 'ਪਲੰਘ ਪੰਘੂੜਾ' ਵਿੱਚ ਇੱਛਰਾਂ ਪਾਤਰ:ਇੱਕ ਅਧਿਐਨ | ਕਿਰਨਦੀਪ ਕੌਰ | 242-254 |
| 18. | ਅਮਰੀਕ ਸਿੰਘ ਦੇ ਨਾਟਕਾਂ ਵਿੱਚ ਨਾਰੀ ਚੇਤਨਾ | ਸਿਮਰਨਜੀਤ | 255-270 |
| 19. | ਅਮਰ ਕਥਾ ਨਾਟਕ ਵਿਚ ਰੂਪਾਂਤਰਨ ਤੇ ਨਵੀਨਤਾ | ਹਰਦੀਪ ਸਿੰਘ | 271-287 |
| 20. | ਸੰਪਰਦਾਇਕ ਰਾਸ਼ਟਰਵਾਦ: ਇਤਿਹਾਸਕ ਪਿਛੋਕੜ, ਮਿੱਥਕ ਆਧਾਰ ਤੇ ਮਨਸੂਖ਼ ਪਛਾਣ | ਦਲਜੀਤ ਕੌਰ | 288-299 |
| | ਸਾਹਿਤ | | |
| 21. | ਕਹਾਣੀ: ਆਈਫ਼ੋਨ | ਸੁਰਿੰਦਰ ਗੀਤ | 300-312 |
| 22. | ਗ਼ਜ਼ਲ | ਵਿਜੇ ਵਿਵੇਕ | 313-315 |
| 23. | ਨੁੱਕੜ ਨਾਟਕ: ਕੁਦਰਤ ਦੀ ਕਚਹਿਰੀ | ਡਾ. ਜਸਵਿੰਦਰ ਸਿੰਘ ਬਰਾੜ | 316-328 |
| | ਅਨੁਵਾਦਿਤ ਸਾਹਿਤ | | |
| 24. | ਮੁਲਾਕਾਤ: ਆਬਿਦ ਸੁਰਤੀ | ਅਨੁਵਾਦਕ<br>ਪ੍ਰੋ. ਨਵ ਸੰਗੀਤ ਸਿੰਘ | 329-336 |
| | ਪੁਸਤਕ ਸਮੀਖਿਆ | | |
| 24. | ਸੁਖਦੇਵ ਸਿੰਘ ਸ਼ਾਂਤ ਦੀਆਂ ਗੁਰਬਾਣੀ ਬਾਰੇ ਤਿੰਨ ਪੁਸਤਕਾਂ: ਇੱਕ ਪੰਛੀ ਝਾਤ | ਸਮੀਖਿਅਕ<br>ਪ੍ਰੋ. ਨਵ ਸੰਗੀਤ ਸਿੰਘ | 337-342 |
| 25. | ਬੱਚਿਆਂ ਦੀ ਜਿਗਿਆਸਾ ਵਧਾਉਣ ਵਾਲਾ ਵਿਗਿਆਨਕ ਨਾਵਲ: ਡੀ97 | ਡਾ. ਚਰਨਜੀਤ ਕੌਰ ਬਰਾੜ | 343-344 |
| | **ਨਵੀਆਂ ਪੁਸਤਕਾਂ** | | |

# ਸੰਪਾਦਕੀ

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਅਧਿਐਨ ਨੂੰ ਸਮਰਪਿਤ ਖੋਜਨਾਮਾ ਜਰਨਲ ਦਾ ਜਨਵਰੀ-ਅਪ੍ਰੈਲ 2026 ਅੰਕ ਪਾਠਕਾਂ, ਵਿਦਵਾਨਾਂ ਅਤੇ ਖੋਜਾਰਥੀਆਂ ਦੀ ਦੇ ਸਨਮੁੱਖ ਪੇਸ਼ ਕਰਦਿਆਂ ਅਸੀਂ ਅਥਾਹ ਖੁਸ਼ੀ ਅਤੇ ਮਾਣ ਮਹਿਸੂਸ ਕਰ ਰਹੇ ਹਾਂ। ਪੰਜਾਬੀ ਅਕਾਦਮਿਕ ਖੇਤਰ ਵਿੱਚ ਖੋਜਨਾਮਾ ਇੱਕ ਅਜਿਹੇ ਮੰਚ ਵਜੋਂ ਆਪਣੀ ਪਛਾਣ ਸਥਾਪਿਤ ਕਰ ਚੁੱਕਿਆ ਹੈ, ਜੋ ਚਿੰਤਨਸ਼ੀਲਤਾ ਅਤੇ ਸਿਰਜਣਾਤਮਕਤਾ ਦੋਹਾਂ ਨੂੰ ਇੱਕ ਸਮਾਨ ਮੌਕੇ ਪ੍ਰਦਾਨ ਕਰਦਾ ਹੈ। ਇਸ ਅੰਕ ਵਿੱਚ ਵੀਹ ਖੋਜ-ਪੱਤਰ, ਮੌਲਿਕ ਸਾਹਿਤਕ-ਰਚਨਾਵਾਂ, ਅਨੁਵਾਦਿਤ ਸਾਹਿਤ ਅਤੇ ਪੁਸਤਕ-ਸਮੀਖਿਆ ਦਾ ਸੁਮੇਲ ਇਸ ਦਾ ਪ੍ਰਤੱਖ ਪ੍ਰਮਾਣ ਹੈ। ਵਿਸ਼ਿਆਂ ਦੀ ਵਿਭਿੰਨਤਾ ਅਤੇ ਵਿਚਾਰਾਂ ਦੀ ਪਰਿਪੱਕਤਾ ਇਸ ਅੰਕ ਨੂੰ ਜਿੱਥੇ ਪੰਜਾਬੀ ਖੋਜ ਵਿੱਚ ਵਿਸ਼ੇਸ਼ ਸਥਾਨ ਦਿਵਾਉਣ ਦੇ ਸਮਰੱਥ ਹੈ, ਉੱਥੇ ਹੀ ਇਸ ਵਿੱਚ ਸ਼ਾਮਿਲ ਸਿਰਜਣਾਤਮਕ ਸਾਹਿਤ ਲਾਜ਼ਮੀ ਤੌਰ 'ਤੇ ਸਾਹਿਤਕ ਹਲਕਿਆਂ ਵਿੱਚ ਵੀ ਸਾਰਥਿਕ ਚਰਚਾ ਛੇੜੇਗਾ।

ਕਿਸੇ ਵੀ ਅਕਾਦਮਿਕ ਚੇਤਨਾ ਲਈ ਲਾਜ਼ਮੀ ਹੁੰਦਾ ਹੈ ਕਿ ਉਹ ਆਪਣੇ ਸਮਿਆਂ ਦੇ ਬੁਨਿਆਦੀ ਸਵਾਲਾਂ ਨੂੰ ਮੁਖ਼ਾਤਿਬ ਹੋਵੇ ਅਤੇ ਉਸਦੇ ਹੱਲ ਲਈ ਹੰਭਲਾ ਮਾਰੇ। ਇਸ ਅੰਕ ਵਿਚਲੇ ਸਾਰੇ ਦੇ ਸਾਰੇ ਖੋਜ-ਪੱਤਰ ਹੀ ਸੁਚੇਤ ਅਤੇ ਅਚੇਤ ਪੱਧਰ 'ਤੇ ਆਪਣੇ ਸਮਿਆਂ ਦੇ ਸੱਚ ਨੂੰ ਮੁਖ਼ਾਤਿਬ ਹੁੰਦੇ ਹੋਏ ਬਿਹਤਰ ਦੀ ਤਲਾਸ਼ ਕਰਦੇ ਹਨ। ਡਾ. ਸੰਦੀਪ ਸਿੰਘ ਜੀ ਦਾ ਖੋਜ-ਪੱਤਰ 'ਨਵੀਂ ਸਿੱਖਿਆ ਨੀਤੀ ਬਨਾਮ ਖੇਤਰੀ ਭਾਸ਼ਾਵਾਂ' ਇੱਕ ਅਜਿਹੇ ਨਾਜ਼ੁਕ ਮਸਲੇ ਨੂੰ ਕੇਂਦਰ ਵਿੱਚ ਲਿਆਉਂਦਾ ਹੈ ਜੋ ਪੰਜਾਬੀ ਸਮੇਤ ਸਮੁੱਚੀਆਂ ਭਾਰਤੀ ਖੇਤਰੀ ਭਾਸ਼ਾਵਾਂ ਦੀ ਹੋਂਦ ਅਤੇ ਭਵਿੱਖ ਨਾਲ ਸਿੱਧਾ ਜੁੜਿਆ ਹੋਇਆ ਹੈ। ਭਾਸ਼ਾ ਕੇਵਲ ਸੰਚਾਰ ਦਾ ਸਾਧਨ ਨਹੀਂ, ਉਹ ਕਿਸੇ ਕੌਮ ਦੀ ਸਮੂਹਿਕ ਸਮ੍ਰਿਤੀ ਅਤੇ ਸੱਭਿਆਚਾਰਕ ਹਸਤੀ ਦੀ ਰੂਹ ਹੁੰਦੀ ਹੈ। ਜਦੋਂ ਕੇਂਦਰੀ ਸਿੱਖਿਆ-ਢਾਂਚਾ ਖੇਤਰੀ ਭਾਸ਼ਾਵਾਂ ਪ੍ਰਤੀ ਆਪਣਾ ਰਵੱਈਆ ਨਿਰਧਾਰਿਤ ਕਰਦਾ ਹੈ, ਤਾਂ ਅਕਾਦਮਿਕ ਜਗਤ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਫ਼ੈਸਲੇ ਨੂੰ ਆਲੋਚਨਾਤਮਿਕ ਨਜ਼ਰ ਨਾਲ ਪਰਖੇ। ਡਾ. ਸੰਦੀਪ ਸਿੰਘ ਜੀ ਦਾ ਇਹ ਖੋਜ-ਕਾਰਜ ਅਜਿਹੀ ਜ਼ਿੰਮੇਵਾਰੀ ਦੀ ਸੁਹਿਰਦ ਪੂਰਤੀ ਕਰਦਾ ਹੈ।

ਭਾਸ਼ਾਈ ਅਧਿਐਨ ਦੀ ਇਸ ਲੜੀ ਨੂੰ ਅੱਗੇ ਵਧਾਉਂਦਾ ਹੈ ਡਾ. ਰਾਜਵੰਤ ਕੌਰ ਪੰਜਾਬੀ ਦਾ ਖੋਜ-ਪੱਤਰ ਜੋ ਸਹਾਇਕ-ਪਾਠ 'ਭੂਮਿਕਾ' ਨੂੰ ਲੇਖਕੀ-ਉਦੇਸ਼ ਅਤੇ ਪਾਠਕ-ਮਾਰਗਦਰਸ਼ਨ ਦੇ ਦੋਹਰੇ ਸੰਦਰਭ ਵਿੱਚ ਵਿਚਾਰਦਾ ਹੈ। ਆਮ ਤੌਰ 'ਤੇ ਭੂਮਿਕਾ-ਲਿਖਤ ਨੂੰ ਪ੍ਰਾਇਮਰੀ ਪਾਠ ਦਾ ਉਪ ਅੰਗ ਸਮਝਿਆ ਜਾਂਦਾ ਰਿਹਾ ਹੈ, ਪਰ ਇਹ ਖੋਜ-ਕਾਰਜ ਇਸ ਮਾਨਤਾ ਨੂੰ ਚੁਣੌਤੀ ਦਿੰਦਿਆਂ ਭੂਮਿਕਾ ਦੀ ਸੁਤੰਤਰ ਸਾਰਥਕਤਾ ਨੂੰ ਸਥਾਪਿਤ ਕਰਨ ਦਾ ਯਤਨ ਕਰਦਾ ਹੈ। ਡਾ. ਰਾਜਵੰਤ ਕੌਰ ਪੰਜਾਬੀ ਭੂਮਿਕਾ ਦੀ ਮਹੱਤਤਾ ਉਜਾਗਰ ਕਰਦੇ ਹੋਏ ਆਖਦੇ ਹਨ ਕਿ "ਆਲੋਚਨਾਤਮਕ ਸਾਹਿਤ ਦੇ ਮਹੱਤਵਪੂਰਨ ਨਮੂਨਿਆਂ ਵਜੋਂ ਦੀਬਾਚਿਆਂ, ਅਥਵਾ ਭੂਮਿਕਾਵਾਂ ਦਾ ਆਪਣਾ ਵਿਸ਼ੇਸ਼ ਅਤੇ ਅਟੱਲ ਸਥਾਨ ਹੈ। ਇਸ ਲਈ ਪੰਜਾਬੀ ਸਾਹਿਤ ਅਤੇ ਆਲੋਚਨਾ ਦੇ ਖੇਤਰ ਵਿੱਚ ਭੂਮਿਕਾਵਾਂ ਦੀ ਇਸ ਅਹਿਮੀਅਤ ਨੂੰ ਵਿਧੀਬੱਧ ਢੰਗ ਨਾਲ ਪਛਾਣਨ ਅਤੇ ਅਧਿਐਨ ਕਰਨ ਦੀ ਗੰਭੀਰ ਲੋੜ ਹੈ।"

1947 ਦੀ ਦੇਸ਼-ਵੰਡ ਨਾ ਕੇਵਲ ਭੂਗੋਲਿਕ ਵੰਡ ਸੀ, ਸਗੋਂ ਇਹ ਪੰਜਾਬੀ ਰੂਹ ਦੇ ਦੋ-ਫਾੜ ਹੋਣ ਦਾ ਉਹ ਸਦੀਵੀ ਜ਼ਖ਼ਮ ਹੈ ਜੋ ਸਾਹਿਤ ਅਤੇ ਸੱਭਿਆਚਾਰ ਵਿੱਚ ਅੱਜ ਵੀ ਰਿਸਦਾ ਹੈ। ਡਾ. ਸਿਮਰਨਜੀਤ ਸਿੰਘ ਦਾ ਖੋਜ-ਪੱਤਰ 'ਦੇਸ਼-ਵੰਡ ਅਤੇ ਪੰਜਾਬੀ ਗਾਇਕੀ: ਕੀ ਖੱਟਿਆ ਕੀ ਗਵਾਇਆ!' ਇਸ ਵਿਛੋੜੇ ਨੂੰ ਸੰਗੀਤ ਦੀ ਕਸਵੱਟੀ 'ਤੇ ਪਰਖਦਾ ਹੈ। ਗਾਇਕੀ ਦੀ ਪਰੰਪਰਾ ਕਿਸ ਤਰ੍ਹਾਂ ਵੰਡ ਤੋਂ ਪਹਿਲਾਂ ਅਤੇ ਬਾਅਦ ਬਦਲੀ, ਕੀ ਖੁੱਸਿਆ ਅਤੇ ਕੀ ਨਵਾਂ ਸਿਰਜਿਆ ਗਿਆ, ਇਹ ਸਵਾਲ ਸੁਰ ਅਤੇ ਇਤਿਹਾਸ ਦੇ ਸੰਗਮ 'ਤੇ ਖੜ੍ਹ ਕੇ ਪੁੱਛੇ ਗਏ ਹਨ। ਇਸੇ ਵਿਸ਼ੇ ਦੀ ਅਗਲੇਰੀ ਕੜੀ ਵਜੋਂ ਡਾ. ਪਰਮੀਤ ਕੌਰ ਦਾ ਖੋਜ-ਪੱਤਰ 'ਰੌਲ਼ਿਆਂ ਵੇਲੇ' ਰਚਨਾ ਦੇ ਬਿਰਤਾਂਤਿਕ ਤਾਣੇ-ਬਾਣੇ ਵਿੱਚੋਂ ਸੰਤਾਲੀ ਦੀ ਮਹਾਂ-ਤ੍ਰਾਸਦੀ ਦੀਆਂ ਉਹ ਪਰਤਾਂ ਫਰੋਲਦਾ ਹੈ ਜੋ ਇਤਿਹਾਸ ਦੀਆਂ ਦਫ਼ਤਰੀ ਕਿਤਾਬਾਂ ਵਿੱਚ ਅਕਸਰ ਅਣਕਿਹੀਆਂ ਰਹਿ ਜਾਂਦੀਆਂ ਹਨ। ਇਸ ਲਈ ਡਾ. ਪਰਮੀਤ ਆਪਣੇ ਖੋਜ ਪੱਤਰ ਵਿੱਚ ਲਿਖਦੇ ਹਨ ਕਿ "ਸਾਹਿਤ ਇਤਿਹਾਸ ਦਾ ਗਵਾਚਿਆ ਤੇ ਵਿਛੜਿਆ ਹੋਇਆ ਰੂਪ ਜਾਂ ਪ੍ਰਤੀਰੂਪ ਬੇਸ਼ੱਕ ਨਾ ਹੋਵੇ ਪਰ ਉਸ 'ਚ ਇਤਿਹਾਸ ਨੂੰ ਦੇਖਣ ਦਾ ਇੱਕ ਨਜ਼ਰੀਆ ਨਿਹਿਤ ਹੁੰਦਾ ਹੈ ਜੋ ਇਤਿਹਾਸ ਨੂੰ ਪਰਖਣ ਦੀ ਇੱਕ ਦ੍ਰਿਸ਼ਟੀ ਵਜੋਂ ਉਭਰ ਸਕਦਾ ਹੈ। ਇਸ ਸੰਬੰਧ 'ਚ ਇਹ ਧਾਰਨਾ ਬਣਦੀ ਹੈ ਕਿ ਵੰਡ ਦੇ ਸਮੇਂ ਅਤੇ ਉਸ ਤੋਂ ਬਾਅਦ ਰਚਿਤ ਭਾਰਤੀ ਸਾਹਿਤ ਦੇ ਅਧਿਐਨ ਨਾਲ ਵੰਡ ਸੰਬੰਧੀ ਇਤਿਹਾਸ ਲਿਖਤ ਵਿੱਚ ਕੁਝ ਨਵਾਂ ਜੁੜ ਸਕਦਾ ਹੈ ਅਤੇ ਇਸ ਨਾਲ

ਉਨ੍ਹਾਂ ਸੂਤਰਾਂ ਨੂੰ ਸੁਲਝਾਉਣ ਵਿੱਚ ਮਦਦ ਮਿਲ ਸਕਦੀ ਹੈ ਜੋ ਵੰਡ ਦੀ ਪਿੱਠਭੂਮੀ ਵਿੱਚ ਦੱਬੇ ਪਏ ਹਨ।"

ਪੰਜਾਬੀ ਕਹਾਣੀ ਦੇ ਵਿਕਾਸ ਅਤੇ ਮੁਲਾਂਕਣ ਦੇ ਸੰਦਰਭ ਵਿੱਚ ਡਾ. ਹਰਪ੍ਰੀਤ ਕੌਰ ਦਾ ਖੋਜ-ਪੱਤਰ ਮਹਿੰਦਰ ਸਿੰਘ ਸਰਨਾ ਦੇ ਕਹਾਣੀ-ਲੇਖਣ ਨੂੰ ਪੁਨਰ-ਪੜ੍ਹਤ ਦੀ ਕਸਵੱਟੀ 'ਤੇ ਪਰਖਦਾ ਹੈ। ਕਿਸੇ ਸਾਹਿਤਕਾਰ ਦੀ ਦੇਣ ਨੂੰ ਦੁਬਾਰਾ ਪੜ੍ਹਨਾ ਕੇਵਲ ਅਕਾਦਮਿਕ ਰਸਮ ਨਹੀਂ, ਇਹ ਉਸ ਦੀ ਸਿਰਜਣਾ ਨਾਲ ਨਵੇਂ ਸਿਰਿਓਂ ਸੰਵਾਦ ਰਚਾਉਣ ਦੀ ਕੋਸ਼ਿਸ਼ ਹੈ। ਡਾ. ਹਰਪ੍ਰੀਤ ਕੌਰ ਆਪਣੇ ਅਧਿਐਨ ਕਾਰਜ ਵਿੱਚ ਮਹਿੰਦਰ ਸਿੰਘ ਸਰਨਾ ਨੂੰ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਵਜੋਂ ਸਥਾਪਿਤ ਕਰਦੇ ਹੋਏ ਲਿਖਦੇ ਹਨ ਕਿ "ਭਾਵੇਂ ਉਹ ਸੰਸਾਰ ਅਮਨ ਦੀ ਗੱਲ ਹੋਵੇ ਭਾਵੇਂ ਪੂੰਜੀਵਾਦ ਦੀ ਲਪੇਟ ਵਿਚ ਆਏ ਬੰਦੇ ਦੀਆਂ ਲਾਲਸਾਵਾਂ ਦੀ ਗੱਲ ਹੋਵੇ ਜਾਂ ਵਾਤਾਵਰਣੀ ਮਸਲੇ ਹੋਣ। ਇਹਨਾਂ ਸਰੋਕਾਰਾਂ ਨੂੰ ਬਿਰਤਾਂਤਣ ਸਮੇਂ ਉਹ ਯਥਾਰਥ ਦਾ ਪੱਲਾ ਨਹੀਂ ਛੱਡਦਾ। ਉਸਦੀਆਂ ਕਹਾਣੀਆਂ ਹਿੰਸਾਂ ਨੂੰ ਕੇਂਦਰ ਵਿਚ ਰੱਖ ਕੇ ਸਾਂਝੀਵਾਲਤਾ ਅਤੇ ਬਹੁਲਤਾ ਦਾ ਪ੍ਰਵਚਨ ਉਸਾਰਦੀਆਂ ਹਨ। ਇਹਨਾਂ ਵਿਲੱਖਣਤਾਵਾਂ ਕਰਕੇ ਉਸ ਦੀਆਂ ਕਹਾਣੀਆਂ ਇਤਿਹਾਸਕ ,ਰੂਪਾਕਾਰਕ ਅਤੇ ਸਭਿਆਚਾਰਕ ਪੱਖੋਂ ਵੀ ਅਹਿਮ ਹਨ। ਉਸ ਦੀ ਸੰਤੁਲਿਤ ਦ੍ਰਿਸ਼ਟੀ ਅਤੇ ਗਲਪੀ ਰਹੱਸ ਸਿਰਜਣ ਦੀ ਮੁਹਾਰਤ ਉਸ ਨੂੰ ਪੰਜਾਬੀ ਦਾ ਸਿਰਮੌਰ ਕਹਾਣੀਕਾਰ ਬਣਾ ਦਿੰਦੀ ਹੈ।"

ਇਸ ਅੰਕ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਲੋਕਧਾਰਾ ਅਤੇ ਸਭਿਆਚਾਰਕ ਅਧਿਐਨ ਦੀ ਭਰਪੂਰ ਪ੍ਰਤੀਨਿਧਤਾ ਹੈ। ਰਾਜੇਂਦਰ ਸਿੰਘ ਅਤੇ ਡਾ. ਹਰਜਿੰਦਰ ਸਿੰਘ ਦਾ ਸਾਂਝਾ ਖੋਜ-ਪੱਤਰ ਬਾਗੜੀ ਸਮਾਜ ਦੇ ਲੋਕ-ਸਭਿਆਚਾਰ ਦਾ ਸਰਵੇਖਣ ਅਤੇ ਵਿਸ਼ਲੇਸ਼ਣ ਕਰਦਾ ਹੈ। ਪੰਜਾਬ ਦੀਆਂ ਹਾਸ਼ੀਆਗ੍ਰਸਤ ਸੱਭਿਆਚਾਰਕ ਇਕਾਈਆਂ ਨੂੰ ਅਕਾਦਮਿਕ ਪੜਚੋਲ ਦੇ ਕੇਂਦਰ ਵਿੱਚ ਲਿਆਉਣਾ ਆਪਣੇ ਆਪ ਵਿੱਚ ਇੱਕ ਮਹੱਤਵਪੂਰਨ ਖੋਜ-ਕਾਰਜ ਹੈ। ਇਸ ਖੋਜ ਕਾਰਜ ਵਿੱਚ ਹਰਿਆਣਾ ਰਾਜ ਦੇ ਸਿਰਸਾ ਜ਼ਿਲ੍ਹੇ ਵਿੱਚ ਵਸਦੇ ਬਾਗੜੀ ਭਾਈਚਾਰੇ ਲੋਕਾਂ ਦੀ ਜੀਵਨ ਜਾਂਚ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ, ਜਿਸ ਵਿੱਚ ਜਨਮ ਤੋਂ ਲੈ ਕੇ ਮਰਨ ਤੱਕ ਨਿਭਾਈਆਂ ਜਾਣ ਵਾਲੀ ਸਮੂਹ ਰਸਮਾਂ ਅਤੇ ਵਿਸ਼ਵਾਸ਼ਾ ਦਾ ਜ਼ਿਕਰ ਕੀਤਾ ਗਿਆ ਹੈ। ਇਸੇ ਤਰ੍ਹਾਂ ਗੁਰਤੇਜ ਸਿੰਘ ਅਤੇ ਡਾ. ਸਿਮਰਨਜੀਤ ਸਿੰਘ ਲੋਕ ਕਹਾਣੀ ਦੀ ਪੜ੍ਹਤ ਅਤੇ ਪਾਸਾਰ ਦੀਆਂ ਸੰਭਾਵਨਾਵਾਂ ਦੀ ਪੜਚੋਲ ਕਰਦੇ ਹੋਏ ਇਸ ਨਤੀਜੇ 'ਤੇ

ਪਹੁੰਚਦੇ ਹਨ ਕਿ ਲੋਕ ਕਹਾਣੀਆਂ ਦੇ ਰਵਾਇਤੀ ਪਾਠਾਂ ਨੂੰ ਸਮਝਣ ਲਈ, ਉਸ ਖਿੱਤੇ ਦੇ ਇਤਿਹਾਸਕ, ਸਮਾਜਿਕ, ਭਾਸ਼ਾਈ, ਸਭਿਆਚਾਰਕ ਅਤੇ ਧਾਰਮਿਕ ਆਦਿ ਪੱਖਾਂ ਦਾ ਗਿਆਨ ਹੋਣਾ ਲਾਜ਼ਮੀ ਹੈ। ਇਨ੍ਹਾਂ ਦੇ ਸਹਾਰੇ ਹੀ ਲੋਕ ਕਹਾਣੀਆਂ ਦੇ ਉਨ੍ਹਾਂ ਮੰਤਵਾਂ ਤੱਕ ਪੁੱਜਿਆ ਜਾ ਸਕਦੇ ਹਾਂ ਜਿਨ੍ਹਾਂ ਦੀ ਇੱਛਾ ਰੱਖ ਕੇ ਇਨ੍ਹਾਂ ਕਹਾਣੀਆਂ ਦੀ ਸਿਰਜਣਾ ਹੋਈ ਹੈ। ਅਸ਼ਵਨੀ ਕੁਮਾਰ ਲੋਕ-ਬਿਰਤਾਂਤ ਦੇ ਸੰਕਲਪ ਅਤੇ ਸਰੂਪ ਨੂੰ ਸਿਧਾਂਤਕ ਤੌਰ 'ਤੇ ਸਮਝਾਉਂਦੇ ਹੋਏ ਇਸ ਨਤੀਜੇ ‘ਤੇ ਪਹੁੰਚਦੇ ਹਨ ਕਿ ਲੋਕ-ਬਿਰਤਾਂਤ ਸਮੇਂ ਦੇ ਨਾਲ ਰੂਪਾਂਤਰਿਤ ਹੁੰਦਾ ਰਹਿੰਦਾ ਹੈ ਅਤੇ ਆਪਣੀ ਲਚਕਤਾ ਕਰਕੇ ਹਰ ਯੁੱਗ ਦੇ ਅਨੁਭਵਾਂ ਨੂੰ ਆਪਣੇ ਵਿੱਚ ਸਮਾ ਲੈਂਦਾ ਹੈ। ਲੋਕ-ਬਿਰਤਾਂਤ ਲੋਕ-ਜੀਵਨ, ਲੋਕ-ਵਿਸ਼ਵਾਸਾਂ, ਰਸਮਾਂ-ਰੀਤਾਂ ਅਤੇ ਲੋਕ-ਸੰਸਕ੍ਰਿਤੀ ਦਾ ਪ੍ਰਤੀਬਿੰਬ ਹੁੰਦਾ ਹੈ। ਇਸ ਲਈ ਇਹ ਲੋਕ-ਮਨ ਨਾਲ ਜੁੜਿਆ ਹੋਇਆ ਹੋਣ ਕਰਕੇ ਮਨੁੱਖੀ ਜੀਵਨ ਦੇ ਸੁਖ-ਦੁੱਖ, ਕਲਪਨਾਵਾਂ ਅਤੇ ਆਦਰਸ਼ਾਂ ਨੂੰ ਦਰਸਾਉਂਦਾ ਹੈ। ਸਮਕਾਲੀ ਸਭਿਆਚਾਰਕ ਸੰਦਰਭ ਵਿੱਚ ਜਗਸੀਰ ਸਿੰਘ ਅਜੋਕੀ ਪੰਜਾਬੀ ਗੀਤ ਵੀਡੀਓ ਦਾ ਵਿਚਾਰਧਾਰਾਈ ਅਧਿਐਨ ਕਰਦੇ ਹੋਏ ਇਸ ਮਾਧਿਅਮ ਦੇ ਸਭਿਆਚਾਰਕ ਅਸਰ ਦੀ ਨਾਜ਼ੁਕ ਪੜਚੋਲ ਕਰਦਾ ਹੋਇਆ ਲਿਖਦਾ ਹੈ ਕਿ “ਪੰਜਾਬੀ ਗੀਤ ਵੀਡੀਓ ਦਾ ਸੰਸਾਰ ਭਾਵੇਂ ਮਨੋਰੰਜਨ ਦੇ ਰੂਪ ਵਿਚ ਪੂੰਜੀਵਾਦੀ ਵਿਚਾਰ ਪ੍ਰਬੰਧਾਂ ਨੂੰ ਪੱਕਿਆਂ ਕਰਦਾ ਹੈ ਪ੍ਰੰਤੂ ਇਸ ਤੱਥ ਤੋਂ ਵੀ ਪਾਸਾ ਵੱਟਣਾ ਔਖਾ ਹੈ ਕਿ ਬਹੁਤ ਸਾਰੇ ਪੰਜਾਬੀ ਗੀਤਾਂ ਦੇ ਬੋਲ ਤੇ ਦ੍ਰਿਸ਼ ਪੰਜਾਬ ਦੀਆਂ ਵੱਡੀਆਂ ਸਮੱਸਿਆਵਾਂ, ਸੰਕਟਾਂ, ਇਤਿਹਾਸਕ ਘਟਨਾਵਾਂ ਨੂੰ ਵੀ ਪੇਸ਼ਕਾਰੀ ਦਾ ਆਧਾਰ ਬਣਾਉਂਦੇ ਹਨ।" ਭਾਵ ਅਜੋਕੀ ਪੰਜਾਬੀ ਗੀਤ ਵੀਡਿਓ ਅਨੇਕਾਂ ਵਿਵਾਦਾਂ ਦੇ ਬਾਵਜੂਦ ਆਪਣੇ ਅੰਦਰ ਅਨੇਕਾਂ ਸਕਾਰਾਤਮਕ ਸੰਭਾਵਨਾਵਾਂ ਨੂੰ ਸਮੋਈ ਬੈਠੀ ਹੈ।

ਇਸ ਅੰਕ ਵਿੱਚ ਸਾਹਿਤ ਅਧਿਐਨ ਦੇ ਵੱਖ-ਵੱਖ ਸਿਧਾਂਤਾਂ ਬਾਰੇ ਕੀਤੀ ਚਰਚਾ ਵਿਸ਼ੇਸ਼ ਤੌਰ 'ਤੇ ਗੌਹਲਣਯੋਗ ਹੈ। ਡਾ. ਗੁਰਧਿਆਨ ਸਿੰਘ ਸਭਿਆਚਾਰਕ ਅਧਿਐਨ ਦੇ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ ਨੂੰ ਸਾਹਮਣੇ ਲਿਆਉਂਦੇ ਹੋਏ ਇਸ ਅਨੁਸ਼ਾਸਨ ਦੀਆਂ ਜੜ੍ਹਾਂ ਅਤੇ ਸ਼ਾਖ਼ਾਵਾਂ ਦੀ ਸੁਚੱਜੀ ਪਛਾਣ ਕਰਾਉਂਦੇ ਹੋਏ ਆਖਦੇ ਹਨ ਕਿ “ਮਾਨਵ ਵਿਗਿਆਨ ਨੇ ਸਭਿਆਚਾਰਕ ਅਧਿਐਨ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਜਿਸ ਨਾਲ਼ ਸਭਿਆਚਾਰ ਦੀ ਸਿਰਫ਼ ਭੌਤਿਕ ਪੱਖ ਤੱਕ ਸੀਮਤ ਕਰਦੀ ਸੌੜੀ ਪਰਿਭਾਸ਼ਾ ਨੂੰ ਵਿਸ਼ਾਲ

ਚੌਖਟਾ ਮਿਲਿਆ। ਮਾਨਵ ਵਿਗਿਆਨ ਨੇ ਸਭਿਆਚਾਰ ਨੂੰ 'ਉੱਚ ਸਭਿਆਚਾਰ' ਦੇ ਸੰਕਲਪ ਤੋਂ 'ਪਾਪੂਲਰ ਸਭਿਆਚਾਰ' ਤੱਕ ਪਹੁੰਚਾਇਆ।" ਡਾ. ਨਵਜੋਤ ਕੌਰ ਪਾਠ-ਆਲੋਚਨਾ ਦੇ ਸਿਧਾਂਤਕ ਆਧਾਰਾਂ ਬਾਰੇ ਵਿਸਥਾਰ ਪੂਰਵਕ ਚਰਚਾ ਕਰਦੀ ਹੋਈ ਲਿਖਦੀ ਹੈ ਕਿ "ਪਾਠ-ਆਲੋਚਨਾ ਹੀ ਅਜਿਹਾ ਸਾਧਨ ਹੈ ਜੋ ਕਿਸੇ ਸਾਹਿਤਕ ਪਾਠ ਸਬੰਧੀ ਪ੍ਰਾਪਤ ਭ੍ਰਾਂਤੀਆਂ ਨੂੰ ਦੂਰ ਕਰ ਕੇ ਕਿਸੇ ਕਵੀ ਦੇ ਮੂਲ ਪਾਠ ਅਤੇ ਵਿਚਾਰਧਾਰਾ ਨੂੰ ਪਾਠਕਾਂ ਦੇ ਸਨਮੁਖ ਕਰਦਾ ਹੈ।" ਸੁਖਵਿੰਦਰ ਕੌਰ ਮੈਟਾ-ਆਲੋਚਨਾ ਦੇ ਸੰਕਲਪ, ਸਿਧਾਂਤ ਅਤੇ ਆਧਾਰਾਂ ਦੀ ਵਿਸਤ੍ਰਿਤ ਪੜਚੋਲ ਕਰਦੀ ਹੈ। ਸੁਖਵਿੰਦਰ ਕੌਰ ਦੇ ਖੋਜ ਪੱਤਰ ਦਾ ਅਧਿਐਨ ਕਰਦਿਆਂ ਇਸ ਗੱਲ ਦੀ ਸਮਝ ਸਹਿਜੇ ਹੀ ਪੈ ਜਾਂਦੀ ਹੈ ਕਿ ਮੈਟਾ ਆਲੋਚਨਾ, ਕਿਸੇ ਸਾਹਿਤਕ ਆਲੋਚਨਾ ਪ੍ਰਕਿਰਿਆ ਦਾ ਆਲੋਚਨਾਤਮਕ ਵਿਸ਼ਲੇਸ਼ਣ ਹੈ। ਜਿਸ ਤਰ੍ਹਾਂ ਆਲੋਚਨਾ ਸਾਹਿਤਕ ਕਿਰਤ ਵਿਚ ਪੇਸ਼ ਵਿਚਾਰਾਂ ਅਤੇ ਪ੍ਰਭਾਵਾਂ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰਦੀ ਹੈ ਉਸ ਤਰ੍ਹਾਂ ਹੀ ਮੈਟਾ ਆਲੋਚਨਾ, ਆਲੋਚਨਾ ਕਿਰਤ ਦਾ ਸਮੂਹ ਪੱਖਾਂ ਤੋਂ ਮੁਲਾਂਕਣ ਕਰਦੀ ਹੋਈ ਉਸਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਪੇਸ਼ ਕਰਦੀ ਹੈ। ਮਨਪ੍ਰੀਤ ਕੌਰ ਡਾ. ਤਰਲੋਕ ਸਿੰਘ ਕੰਵਰ ਦੀ ਸਾਹਿਤ-ਸਿਧਾਂਤਕਾਰੀ ਦੇ ਵਿਚਾਰਧਾਰਾਈ ਆਧਾਰਾਂ ਦੀ ਨਿਸ਼ਾਨਦੇਹੀ ਕਰਦੀ ਹੋਈ ਲਿਖਦੀ ਹੈ ਕਿ "ਡਾ .ਕੰਵਰ ਦਾ ਚਿੰਤਨ ਕਾਰਜ ਕਿਸੇ ਖੜੋਤ ਦਾ ਸ਼ਿਕਾਰ ਨਾ ਹੋ ਕੇ ਕਾਲ-ਪ੍ਰਵਾਹ ਵਿਚ ਵਿਕਸਿਤ ਹੋਈਆਂ ਨਵੀਆਂ ਅੰਤਰ-ਦ੍ਰਿਸ਼ਟੀਆਂ ਨੂੰ ਅਪਣਾਉਂਦਾ ਹੈ। ਉਸਦੇ ਚਿੰਤਨ ਦਾ ਮੁੱਖ ਮਕਸਦ ਸਾਹਿਤ ਦਾ ਬਹੁ-ਪੱਖੀ ਅਤੇ ਬਹੁ-ਪਸਾਰੀ ਅਧਿਐਨ ਕਰਨਾ ਹੈ ,ਜਿਸ ਲਈ ਉਹ ਇਕਪਾਸੜ ਅਤੇ ਕੱਟੜ ਬਿਰਤੀ ਨੂੰ ਤਿਆਗ ਕੇ ਅੰਤਰ-ਅਨੁਸ਼ਾਸਨੀ ਅਧਿਐਨ ਵਿਧੀ ਨੂੰ ਅਪਣਾਉਂਦਾ ਹੈ। ਇਸ ਵਿਧੀ ਰਾਹੀਂ ਉਹ ਸਾਹਿਤ ਦੇ 'ਸੁਹਜ ਮੁੱਲ' ਦੇ ਨਾਲ-ਨਾਲ 'ਸਮਾਜਕਤਾ' ਦੇ ਮਸਲੇ ਨੂੰ ਵੀ ਹੱਲ ਕਰਨ ਦਾ ਯਤਨ ਕਰਦਾ ਹੈ।" ਡਾ. ਮਨਪ੍ਰੀਤ ਕੌਰ ਮਾਰਕਸਵਾਦੀ ਸੰਕਲਪਾਂ ਨੂੰ ਪੰਜਾਬੀ ਅਕਾਦਮਿਕ ਚੇਤਨਾ ਦੇ ਸੰਦਰਭ ਵਿੱਚ ਪੁਨਰ-ਪਰਿਭਾਸ਼ਿਤ ਕਰਨ ਦਾ ਕਾਰਜ ਕਰਦੀ ਹੋਈ ਕਾਰਲ ਮਾਰਕਸ ਦੇ ਵੱਖ-ਵੱਖ ਸਿਧਾਂਤਾਂ ਬਾਰੇ ਵਿਸਥਾਰਪੂਰਵਕ ਚਰਚਾ ਕਰਦੀ ਹੈ। ਸੁਖਚੈਨ ਸਿੰਘ ਸਵੈ-ਜੀਵਨੀ ਸਾਹਿਤ ਵਿੱਚ ਬਿਰਤਾਂਤਕਾਰੀ ਅਤੇ ਇਤਿਹਾਸਕਾਰੀ ਦੇ ਅੰਤਰ-ਦਵੰਦ ਨੂੰ ਉਜਾਗਰ ਕਰਦਿਆਂ ਇਸ ਵਿਧਾ ਦੀ ਅੰਦਰੂਨੀ ਪੇਚੀਦਗੀ ਨੂੰ ਸਿਰਜਣਾਤਮਕ ਢੰਗ ਨਾਲ ਸੁਲਝਾਉਣ ਦਾ ਯਤਨ ਕਰਦੇ ਹੋਏ ਆਖਦੇ ਹਨ

ਕਿ 'ਸਵੈ-ਜੀਵਨੀ ਵਿਚ ਪੇਸ਼ ਕੀਤੀ ਗਈ ਸ਼ਨਾਖ਼ਤ ਦੇ ਪ੍ਰਵਚਨ (Discourse) ਅਤੇ ਇਸ ਵਿਚ ਪੇਸ਼ ਕੀਤੇ ਗਏ ਇਤਿਹਾਸਕ ਬਿਰਤਾਂਤ ਨੂੰ ਹੀ ਅੰਤਮ ਸੱਚ ਮੰਨ ਲੈਣਾ ਬਹੁਤ ਖ਼ਤਰਨਾਕ ਪ੍ਰਕਿਰਿਆ ਜਾਪਦਾ ਹੈ। ਸ੍ਵੈ-ਜੀਵਨੀਕਾਰ ਆਪਣੇ ਜੀਵਨ-ਕਾਲ ਨੂੰ 'ਲਕੀਰੀ' ਬਿਰਤਾਂਤ ਬਣਾ ਕੇ ਇਸ ਦੇ ਨਿਰੋਲ ਸੱਚ ਹੋਣ ਦਾ ਭਰਮ ਸਿਰਜਦਾ ਹੈ, ਜਦ ਕਿ ਸਾਹਿਤਕ ਕ੍ਰਿਤਾਂ ਵਿਚ 'ਲਕੀਰੀ' ਬਿਰਤਾਂਤ ਸੰਭਵ ਹੀ ਨਹੀਂ ਹੁੰਦਾ। ਸ੍ਵੈ-ਜੀਵਨੀ ਵਿਚ ਪੇਸ਼ ਕੀਤੇ ਜਾਂਦੇ ਇਤਿਹਾਸਕ ਅੰਸ਼ ਵੀ ਭੂਤਕਾਲ, ਵਰਤਮਾਨ ਕਾਲ ਅਤੇ ਭਵਿੱਖ ਕਾਲ ਦੇ ਰਲਵੇਂ-ਮਿਲਵੇਂ ਮਿਸ਼ਰਨ ਦੀ ਪੈਦਾਵਾਰ ਹੁੰਦੇ ਹਨ, ਜਿਨ੍ਹਾਂ ਦਾ ਕੋਈ ਨਿਸ਼ਚਿਤ ਕਾਲ ਤਹਿਤ ਪੂਰਨ ਨਿਖੇੜਾ ਸੰਭਵ ਨਹੀਂ ਹੁੰਦਾ, ਕਿਉਂਕਿ ਕੋਈ ਵੀ ਇਤਿਹਾਸ ਜਾਂ ਸਾਹਿਤਕ ਕ੍ਰਿਤ 'ਲਕੀਰੀ' ਸ਼ਰਤ ਤੇ ਹੋਂਦ ਵਿਚ ਨਹੀਂ ਆਉਂਦੇ।" ਡਾ. ਲਖਵਿੰਦਰ ਸਿੰਘ ਦਾ ਸਾਂਖ ਦਰਸ਼ਨ ਸੰਬੰਧੀ ਲੇਖ ਭਾਰਤੀ ਚਿੰਤਨ-ਪਰੰਪਰਾ ਦੇ ਮੂਲ ਸੋਮਿਆਂ ਤੱਕ ਪਹੁੰਚਣ ਦੀ ਵਿਦਵਤਾਈ ਪਹੁੰਚ ਦਾ ਪ੍ਰਗਟਾਵਾ ਹੈ। ਉਨ੍ਹਾਂ ਨੇ ਆਪਣੇ ਖੋਜ ਪੱਤਰ ਰਾਹੀ ਸਰਲ ਪੰਜਾਬੀ ਭਾਸ਼ਾ ਵਿੱਚ ਸਾਂਖ ਦਰਸ਼ਨ ਅਤੇ ਉਸਦੇ ਪ੍ਰਮੁੱਖ ਅਚਾਰੀਆਂ ਨਾਲ ਸੰਖੇਪ ਪਰ ਅਹਿਮ ਜਾਣ-ਪਹਿਚਾਣ ਕਰਵਾਈ ਹੈ। ਜੋ ਭਵਿੱਖ ਵਿੱਚ ਭਾਰਤੀ ਦਰਸ਼ਨ ਦੇ ਅਧਿਐਨ ਲਈ ਨਵੇਂ ਖੋਜਾਰਥੀਆਂ ਨੂੰ ਪ੍ਰੇਰਿਤ ਕਰੇਗੀ।

ਨਾਟਕ ਅਤੇ ਸਾਹਿਤ-ਆਲੋਚਨਾ ਦੇ ਖੇਤਰ ਵਿੱਚ ਕਿਰਨਦੀਪ ਕੌਰ ਨਾਟਕ 'ਪਲੰਘ ਪੰਘੂੜਾ' ਦੇ ਇੱਛਰਾਂ ਪਾਤਰ ਦਾ ਵਿਸ਼ਲੇਸ਼ਣ ਕਰਦਿਆਂ ਇਸ ਪਾਤਰ ਦੀ ਮਨੋਵਿਗਿਆਨਕ ਅਤੇ ਸਮਾਜਿਕ ਗਹਿਰਾਈ ਨੂੰ ਉਘਾੜਦੀ ਹੈ। ਇਸ ਖੋਜ ਪੱਤਰ ਰਾਹੀਂ ਨਾਟਕ ਵਿੱਚ ਪੇਸ਼ ਇੱਛਰਾ ਪਾਤਰ ਦੇ ਮਿਥਿਹਾਸਿਕ ਅਤੇ ਪਾਤਰ ਨਾਲੋਂ ਵਖਰੇਵੇਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ ਹੈ। ਸਿਮਰਨਜੀਤ, ਅਮਰੀਕ ਸਿੰਘ ਦੇ ਨਾਟਕਾਂ ਵਿੱਚ ਨਾਰੀ-ਚੇਤਨਾ ਦੇ ਵਿਭਿੰਨ ਪ੍ਰਗਟਾਵਿਆਂ ਦੀ ਪੜਚੋਲ ਕਰਦੀ ਹੈ। ਉਹ ਦੱਸਦੀ ਹੈ ਕਿ ਆਧੁਨਿਕ ਨਾਟਕਾਂ ਵਿੱਚ ਔਰਤ ਆਧੁਨਿਕ ਸੋਚ ਅਤੇ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਅਧੀਨ ਸੁਚੇਤ ਹੋ ਕੇ ਆਪਣੇ ਹੱਕਾਂ ਪ੍ਰਤੀ ਕਿਵੇਂ ਚੇਤੰਨ ਨਜ਼ਰ ਆਉਂਦੀ ਹੈ ਅਤੇ ਅਮਰੀਕ ਸਿੰਘ ਦੇ ਨਾਟਕ ਨਾਰੀ ਚੇਤਨਾ, ਨਾਰੀ ਸੰਘਰਸ਼, ਪਛਾਣ ਸੰਕਟ, ਪਰਿਵਾਰਕ ਰਿਸ਼ਤਿਆਂ ਦੀ ਟੁੱਟ ਭੱਜ, ਰਿਸ਼ਤਿਆਂ ਵਿੱਚ ਟਕਰਾਅ, ਕਤਲ, ਨਾਜਾਇਜ਼ ਰਿਸ਼ਤੇ, ਪਤੀ-ਪਤਨੀ ਦੇ ਰਿਸ਼ਤੇ ਦੀ ਤਿੜਕਣ, ਪਤੀ ਪਤਨੀ ਦੇ ਰਿਸ਼ਤੇ ਵਿੱਚ ਵਫ਼ਾਦਾਰੀ, ਜਿਨਸੀ ਸੰਬੰਧ,

ਲਿਵਇਨ ਰਿਸ਼ਤਾ (Living Relationship), ਇਕੱਲਤਾ ਅਤੇ ਅਨਜੋੜ ਵਿਆਹ ਆਦਿ ਪੱਖਾਂ ਰਾਹੀਂ ਕਿਵੇਂ ਪ੍ਰਗਟ ਹੁੰਦੀ ਹੈ। ਹਰਦੀਪ ਸਿੰਘ 'ਅਮਰ ਕਥਾ' ਨਾਟਕ ਵਿੱਚ ਰੂਪਾਂਤਰਨ ਦੀਆਂ ਪ੍ਰਕਿਰਿਆਵਾਂ ਅਤੇ ਨਵੀਨਤਾ ਦੇ ਪਹਿਲੂਆਂ ਨੂੰ ਸਿਧਾਂਤਕ ਦ੍ਰਿਸ਼ਟੀ ਤੋਂ ਸਮਝਣ ਦਾ ਕਾਰਜ ਕਰਦਾ ਹੈ। ਇਸ ਅਧਿਐਨ ਕਾਰਜ ਦੌਰਾਨ ਉਹ ਤਲਾਸ਼ਦਾ ਹੈ ਕਿ ਕਿਵੇਂ ਕੋਈ ਲੇਖਕ ਜਾਂ ਨਾਟਕਕਾਰ ਹੋਰ ਸਾਹਿਤਕ ਰੂਪਾਂ ਤੋਂ ਸਮੱਗਰੀ ਇਕੱਤਰ ਕਰਕੇ ਉਸਦਾ ਨਾਟਕੀ ਰੂਪਾਂਤਰਨ ਕਰਦਾ ਹੈ ਅਤੇ ਕਿਵੇਂ ਉਸ ਰਚਨਾਂ ਦੀ ਹੂ-ਬ-ਹੂ ਪੇਸ਼ਕਾਰੀ ਕਰਨ ਦੀ ਬਜਾਇ ਉਸਨੂੰ ਆਪਣੀ ਕਲਪਨਾ ਤੇ ਸਿਰਜਣਾ ਸ਼ਕਤੀ ਰਾਹੀਂ ਪਾਤਰਾਂ ਦੇ ਨਾਵਾਂ , ਥਾਵਾਂ ਅਤੇ ਸਥਿਤੀਆਂ ਵਿਚ ਤਬਦੀਲੀ ਕਰਦਾ ਹੋਇਆ ਆਪਣੀ ਰਚਨਾ ਅੰਦਰ ਨਵੇਂ ਅਰਥ ਭਰ ਦਿੰਦਾ ਹੈ। ਦਲਜੀਤ ਕੌਰ ਸੰਪਰਦਾਇਕ ਰਾਸ਼ਟਰਵਾਦ ਦੇ ਇਤਿਹਾਸਕ ਪਿਛੋਕੜ, ਮਿੱਥਕ ਆਧਾਰਾਂ ਅਤੇ ਮਨਸੂਖ਼ ਪਛਾਣ ਦੇ ਸੁਆਲਾਂ ਨੂੰ ਵਿਦਵਤਾਪੂਰਨ ਢੰਗ ਨਾਲ ਪੇਸ਼ ਕਰਦੀ ਹੋਈ ਸਮਕਾਲੀ ਸਿਆਸੀ ਹਕੀਕਤਾਂ ਨੂੰ ਸਮਝਣ ਦਾ ਯਤਨ ਕਰਦੀ ਹੈ। ਉਹ ਆਪਣੇ ਖੋਜ ਕਾਰਜ ਦੇ ਆਧਾਰ 'ਤੇ ਸਪੱਸ਼ਟ ਤੌਰ 'ਤੇ ਇਹ ਆਖਣ ਦੀ ਜ਼ੁਰੱਅਤ ਕਰਦੀ ਹੈ ਕਿ "ਅਖੰਡ, ਕੁਦਰਤੀ ਤੇ ਸਦੀਵੀ ਜਾਪਣ ਵਾਲਾ ਰਾਸ਼ਟਰ ਅਸਲ ਵਿੱਚ ਇੱਕ ਕਲਪਿਤ, ਇਤਿਹਾਸਕ ਤੇ ਸਿੱਖਿਅਤ ਵਰਤਾਰਾ ਹੈ।"

ਮੌਲਿਕ ਸਾਹਿਤ ਵਜੋਂ ਸੁਰਿੰਦਰ ਗੀਤ ਦੀ ਕਹਾਣੀ 'ਆਈਫ਼ੋਨ' ਬੇਹੱਦ ਮਹੱਤਵਪੂਰਨ ਕਹਾਣੀ ਹੈ। ਜੋ ਮਨੁੱਖ ਦੀਆਂ ਮਨ ਦੀਆਂ ਤੰਦਾਂ ਨੂੰ ਫੜ੍ਹਦੀ ਹੋਈ ਪੰਜਾਬੀ ਲੋਕਾਂ ਦੀ ਬਾਹਰ ਜਾਣ ਦੀ ਤਾਂਘ ਪਿੱਛੇ ਕਾਰਜਸ਼ੀਲ ਉਨ੍ਹਾਂ ਦੀਆਂ ਖਾਹਿਸ਼ਾਂ ਨੂੰ ਪੇਸ਼ ਕਰਦੀ ਹੈ। ਵਿਜੇ ਵਿਵੇਕ ਦੀਆਂ ਗ਼ਜ਼ਲਾਂ ਇਸ ਇਸ ਅੰਕ ਦੀ ਵਿੱਲਖਣ ਪ੍ਰਾਪਤੀ ਹਨ। ਇਨ੍ਹਾਂ ਗ਼ਜ਼ਲਾਂ ਦਾ 'ਕੱਲਾ-'ਕੱਲਾ ਸ਼ੇਅਰ ਜੀਵਨ ਦੇ ਲੰਬੇ ਅਤੇ ਸੱਚੇ ਤਜ਼ਰਬੇ ਦੀ ਤਰਜ਼ਮਾਨੀ ਕਰਦਾ ਹੋਇਆ ਪ੍ਰਤੀਤ ਹੁੰਦਾ ਹੈ। ਮੇਰੀ ਆਪਣੀ ਰਚਨਾ ਨੁੱਕੜ ਨਾਟਕ ਕੁਦਰਤ ਦੀ ਕਚਹਿਰੀ ਰਾਹੀਂ ਮੈਂ ਮਨੁੱਖ ਦੀਆਂ ਗਲਤੀਆਂ ਕਾਰਨ ਪ੍ਰਕ੍ਰਿਤੀ ਵਿੱਚ ਪੈਦਾ ਹੋ ਰਹੇ ਵਿਗਾੜ ਨੂੰ ਵਿਸ਼ਾ ਬਣਾਉਂਦਿਆਂ ਭਵਿੱਖ ਵਿੱਚ ਪੈਦਾ ਹੋਣ ਵਾਲੇ ਸੰਕਟ ਬਾਰੇ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਸੰਕਟ ਤੋਂ ਬਚਾਅ ਲਈ ਸੁਝਾਅ ਵੀ ਦਿੱਤੇ ਹਨ।

ਅਨੁਵਾਦਿਤ ਸਾਹਿਤ ਵਜੋਂ ਆਬਦਿ ਸੁਰਤੀ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਬਾਰੇ ਮੁਹੰਮਦ ਹਾਰੂਨ ਰਾਸ਼ਦਿ ਖਾਨ ਵੱਲੋਂ ਉਨ੍ਹਾਂ ਨਾਲ ਕੀਤੀ ਨਿੱਜੀ ਮੁਲਾਕਾਤ ਨੂੰ ਸ਼ਾਮਿਲ

ਕੀਤਾ ਗਿਆ ਹੈ। ਜੋ ਕਿ ਆਬਦਿ ਸੁਰਤੀ ਦੇ ਜੀਵਨ ਦੇ ਨਾਲ-ਨਾਲ ਉਨ੍ਹਾਂ ਨਾਲ ਜੁੜੀਆਂ ਹੋਰਨਾਂ ਵੱਡੀਆਂ ਸਖ਼ਸ਼ੀਅਤਾਂ ਜਿਵੇਂ ਓਸ਼ੋ, ਧਰਮਵੀਰ ਭਾਰਤੀ, ਰਾਜ ਕਪੂਰ ਅਤੇ ਦਿਲੀਪ ਕੁਮਾਰ ਆਦਿ ਦੇ ਜੀਵਨ ਪੱਖਾਂ ਬਾਰੇ ਵੀ ਸੰਖੇਪ ਬਿਆਨ ਕਰਦੀ ਹੈ।

ਪੁਸਤਕ ਸਮੀਖਿਆ ਵਿੱਚ ਪ੍ਰੋ. ਨਵ ਸੰਗੀਤ ਸਿੰਘ ਦੁਆਰਾ ਸੁਖਦੇਵ ਸਿੰਘ ਸ਼ਾਂਤ ਦੀਆਂ ਗੁਰਬਾਣੀ-ਵਿਆਖਿਆ ਸੰਬੰਧੀ ਤਿੰਨ ਪੁਸਤਕਾਂ ਦੀ ਸੰਖੇਪ ਪਰ ਸੁਚੇਤ ਸਮੀਖਿਆ ਅਤੇ ਡਾ. ਚਰਨਜੀਤ ਕੌਰ ਬਰਾੜ ਦੁਆਰਾ ਵਿਗਿਆਨਕ ਨਾਵਲ 'ਡੀ97' ਦਾ ਮੁਲਾਂਕਣ ਪਾਠਕਾਂ ਦੀ ਸਾਹਿਤਕ ਜਿਗਿਆਸਾ ਨੂੰ ਹੋਰ ਤਿਖੇਰਾ ਕਰੇਗੀ।

ਖੋਜ, ਮੌਲਿਕ ਸਾਹਿਤ ਅਤੇ ਅਨੁਵਾਦ ਦਾ ਇਹ ਸੁਮੇਲ ਖੋਜਨਾਮਾ ਦੀ ਸੰਪਾਦਕੀ ਨੀਤੀ ਦੀ ਵਿਲੱਖਣਤਾ ਹੈ ਕਿਉਂਕਿ ਅਸੀਂ ਮੰਨਦੇ ਹਾਂ ਕਿ ਸਿਰਜਣਾ ਤੋਂ ਵੱਖ ਹੋ ਕੇ ਆਲੋਚਨਾ ਨਿਰਜੀਵ ਹੋ ਜਾਂਦੀ ਹੈ ਅਤੇ ਆਲੋਚਨਾ ਤੋਂ ਵੱਖ ਹੋ ਕੇ ਸਿਰਜਣਾ ਦਿਸ਼ਾਹੀਣ। ਅਸੀਂ ਇਸ ਅੰਕ ਦੇ ਸਮੁੱਚੇ ਲੇਖਕਾਂ, ਖੋਜਾਰਥੀਆਂ, ਸਮੀਖਿਅਕਾਂ ਅਤੇ ਸਹਿਯੋਗੀ ਵਿਦਵਾਨਾਂ ਦੇ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਦੀ ਵਿਦਵਤਾ, ਮਿਹਨਤ ਅਤੇ ਸਮਰਪਣ ਸਦਕਾ ਇਹ ਅੰਕ ਸੰਭਵ ਹੋ ਸਕਿਆ ਹੈ। ਅਸੀਂ ਉਨ੍ਹਾਂ ਸਾਰੇ ਲੇਖਕਾਂ, ਖੋਜਾਰਥੀਆਂ, ਸਮੀਖਿਅਕਾਂ ਤੋਂ ਖ਼ਿਮਾ ਦੇ ਜਾਚਕ ਹਾਂ ਜਿੰਨ੍ਹਾਂ ਦੇ ਖੋਜ ਕਾਰਜ ਅਤੇ ਰਚਨਾਵਾਂ ਨੂੰ ਅਸੀਂ ਇਸ ਅੰਕ ਵਿੱਚ ਸ਼ਾਮਿਲ ਕਰਨ ਤੋਂ ਅਸਮਰੱਥ ਰਹੇ ਹਾਂ। ਅਸੀਂ ਆਸ ਕਰਦੇ ਹਾਂ ਕਿ ਇਹ ਅੰਕ ਆਪਣੇ ਪਾਠਕਾਂ ਦੀਆਂ ਆਸਾਂ ਅਤੇ ਉਮੰਗਾਂ 'ਤੇ ਖ਼ਰਾ ਉਤਰੇਗਾ।

ਸਾਨੂੰ ਤੁਹਾਡੇ ਵਡਮੁੱਲੇ ਸੁਝਾਵਾਂ ਦਾ ਇੰਤਜ਼ਾਰ ਰਹੇਗਾ।

ਧੰਨਵਾਦ ਸਹਿਤ।

ਸੰਪਾਦਕ



ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਅਧਿਐਨ ਨੂੰ ਸਮਰਪਿਤ ਖੋਜਨਾਮਾ ਜਰਨਲ ਦਾ ਜਨਵਰੀ-ਅਪ੍ਰੈਲ 2026 ਅੰਕ ਪਾਠਕਾਂ, ਵਿਦਵਾਨਾਂ ਅਤੇ ਖੋਜਾਰਥੀਆਂ ਦੀ ਦੇ ਸਨਮੁੱਖ ਪੇਸ਼ ਕਰਦਿਆਂ ਅਸੀਂ ਅਥਾਹ ਖੁਸ਼ੀ ਅਤੇ ਮਾਣ ਮਹਿਸੂਸ ਕਰ ਰਹੇ ਹਾਂ। ਪੰਜਾਬੀ ਅਕਾਦਮਿਕ ਖੇਤਰ ਵਿੱਚ ਖੋਜਨਾਮਾ ਇੱਕ ਅਜਿਹੇ ਮੰਚ ਵਜੋਂ ਆਪਣੀ ਪਛਾਣ ਸਥਾਪਿਤ ਕਰ ਚੁੱਕਿਆ ਹੈ, ਜੋ ਚਿੰਤਨਸ਼ੀਲਤਾ ਅਤੇ ਸਿਰਜਣਾਤਮਕਤਾ ਦੋਹਾਂ ਨੂੰ ਇੱਕ ਸਮਾਨ ਮੌਕੇ ਪ੍ਰਦਾਨ ਕਰਦਾ ਹੈ। ਇਸ ਅੰਕ ਵਿੱਚ ਵੀਹ ਖੋਜ-ਪੱਤਰ, ਮੌਲਿਕ ਸਾਹਿਤਕ-ਰਚਨਾਵਾਂ, ਅਨੁਵਾਦਿਤ ਸਾਹਿਤ ਅਤੇ ਪੁਸਤਕ-ਸਮੀਖਿਆ ਦਾ ਸੁਮੇਲ ਇਸ ਦਾ ਪ੍ਰਤੱਖ ਪ੍ਰਮਾਣ ਹੈ। ਵਿਸ਼ਿਆਂ ਦੀ ਵਿਭਿੰਨਤਾ ਅਤੇ ਵਿਚਾਰਾਂ ਦੀ ਪਰਿਪੱਕਤਾ ਇਸ ਅੰਕ ਨੂੰ ਜਿੱਥੇ ਪੰਜਾਬੀ ਖੋਜ ਵਿੱਚ ਵਿਸ਼ੇਸ਼ ਸਥਾਨ ਦਿਵਾਉਣ ਦੇ ਸਮਰੱਥ ਹੈ, ਉੱਥੇ ਹੀ ਇਸ ਵਿੱਚ ਸ਼ਾਮਿਲ ਸਿਰਜਣਾਤਮਕ ਸਾਹਿਤ ਲਾਜ਼ਮੀ ਤੌਰ 'ਤੇ ਸਾਹਿਤਕ ਹਲਕਿਆਂ ਵਿੱਚ ਵੀ ਸਾਰਥਿਕ ਚਰਚਾ ਛੇੜੇਗਾ।

ਕਿਸੇ ਵੀ ਅਕਾਦਮਿਕ ਚੇਤਨਾ ਲਈ ਲਾਜ਼ਮੀ ਹੁੰਦਾ ਹੈ ਕਿ ਉਹ ਆਪਣੇ ਸਮਿਆਂ ਦੇ ਬੁਨਿਆਦੀ ਸਵਾਲਾਂ ਨੂੰ ਮੁਖ਼ਾਤਿਬ ਹੋਵੇ ਅਤੇ ਉਸਦੇ ਹੱਲ ਲਈ ਹੰਭਲਾ ਮਾਰੇ। ਇਸ ਅੰਕ ਵਿਚਲੇ ਸਾਰੇ ਦੇ ਸਾਰੇ ਖੋਜ-ਪੱਤਰ ਹੀ ਸੁਚੇਤ ਅਤੇ ਅਚੇਤ ਪੱਧਰ 'ਤੇ ਆਪਣੇ ਸਮਿਆਂ ਦੇ ਸੱਚ ਨੂੰ ਮੁਖ਼ਾਤਿਬ ਹੁੰਦੇ ਹੋਏ ਬਿਹਤਰ ਦੀ ਤਲਾਸ਼ ਕਰਦੇ ਹਨ। ਖੋਜ, ਮੌਲਿਕ ਸਾਹਿਤ ਅਤੇ ਅਨੁਵਾਦ ਦਾ ਇਹ ਸੁਮੇਲ ਖੋਜਨਾਮਾ ਦੀ ਸੰਪਾਦਕੀ ਨੀਤੀ ਦੀ ਵਿਲੱਖਣਤਾ ਹੈ ਕਿਉਂਕਿ ਅਸੀਂ ਮੰਨਦੇ ਹਾਂ ਕਿ ਸਿਰਜਣਾ ਤੋਂ ਵੱਖ ਹੋ ਕੇ ਆਲੋਚਨਾ ਨਿਰਜੀਵ ਹੋ ਜਾਂਦੀ ਹੈ ਅਤੇ ਆਲੋਚਨਾ ਤੋਂ ਵੱਖ ਹੋ ਕੇ ਸਿਰਜਣਾ ਦਿਸ਼ਾਹੀਣ। ਅਸੀਂ ਇਸ ਅੰਕ ਦੇ ਸਮੁੱਚੇ ਲੇਖਕਾਂ, ਖੋਜਾਰਥੀਆਂ, ਸਮੀਖਿਅਕਾਂ ਅਤੇ ਸਹਿਯੋਗੀ ਵਿਦਵਾਨਾਂ ਦੇ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਦੀ ਵਿਦਵਤਾ, ਮਿਹਨਤ ਅਤੇ ਸਮਰਪਣ ਸਦਕਾ ਇਹ ਅੰਕ ਸੰਭਵ ਹੋ ਸਕਿਆ ਹੈ।

ਸੰਪਾਦਕ

www.khojnama.com khojnamapb03@gmail.com +91 98776-61770